# S.U.S. Govt. College, Sunam

Established in 1969, NAAC Accredited-Grade B ( CGPA 2.72 ) **Affiliated to:** Punjabi University, Patiala **E-mail:**gcsunam@gmail.com, **College website:** www.susgcsunam.com, **Tel:** 01676-220134

## *Extension Activities*

### *Extension Activities done in terms of impact & sensitizing students to social issues and holistic development*

**25. Event: Rally and Nukkad Natak on War Against Drugs**

**Date: 31-01-2019**



# ਡੈਪੋ ਪ੍ਰੋਗਰਾਮ ਲਈ ਰੈਲੀ ਅਤੇ ਨੁੱਕੜ ਨਾਟਕ ਰਾਹੀਂ ਲੋਕਾਂ ਨੂੰ ਜਾਗਰੂਕ ਕੀਤਾ



ਸੁਨਾਮ ਊਧਮ ਸਿੰਘ ਵਾਲਾ- 31- ਜਨਵਰੀ-(ਅਨਿਲ ਕਾਦਿਆਨ) ਸ਼ਹੀਦ ਊਧਮ ਸਿੰਘ ਸਰਕਾਰੀ ਕਾਲਜ, ਸੁਨਾਮ ਦੇ ਪ੍ਰਿੰਸੀਪਲ ਡਾ. ਸੁਖਬੀਰ ਸਿੰਘ ਥਿੰਦ ਅਤੇ ਕਲੱਸਟਰ-6 ਕੋਆਰਡੀਨੇਟਰ ਡਾ. ਪਰਮਿੰਦਰ ਸਿੰਘ ਦੀ ਅਗਵਾਈ ਹੇਠ ਐਨ.ਐਸ.ਐਸ. ਯੂਨਿਟ ਲੜਕੇ ਅਤੇ ਲੜਕੀਆਂ ਨੇ ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ ਲਹਿਰ ਡੈਪੋ ਪ੍ਰੋਗਰਾਮ ਅਧੀਨ ਇੱਕ ਪ੍ਰਭਾਵਸ਼ਾਲੀ ਰੈਲੀ ਪਿੰਡ ਬਖਸ਼ੀਵਾਲ ਅਤੇ ਜਖੇਪਲ ਵਿਖੇ ਕੱਢੀ। ਕਾਲਜ ਦੇ ਐਨ.ਐਸ. ਐਸ. ਯੂਨਿਟ ਦੇ ਪ੍ਰੋਗਰਾਮ ਅਫ਼ਸਰ ਪ੍ਰੋ. ਨਰਦੀਪ ਸਿੰਘ, ਡਾ. ਰਮਨਦੀਪ ਕੌਰ, ਪ੍ਰੋ. ਮੁਖਤਿਆਰ ਸਿੰਘ ਦੀ ਦੇਖ-ਰੇਖ ਹੇਠ 200 ਵਲੰਟੀਅਰਜ਼ ਲੜਕੇ ਅਤੇ ਲੜਕੀਆਂ ਦੀ ਰੈਲੀ ਨੂੰ ਐਸ.ਐਚ.ਓ ਸਿਟੀ ਸ.ਭਰਪੂਰ ਸਿੰਘ ਨੇ ਝੰਡੀ ਦਿਖਾ ਕੇ ਰਵਾਨਾ ਕੀਤਾ ਵਲੰਟੀਅਰਜ਼ ਲੜਕੇ ਅਤੇ ਲੜਕੀਆਂ ਨੇ ਨਸ਼ਾ ਵਿਰੋਧੀ ਨਾਅਰੇ, ਲਿਖੀਆਂ ਹੋਈਆਂ ਤਖ਼ਤੀਆਂ ਹੱਥਾ ਵਿੱਚ ਲੈ ਕੇ ਨਾਅਰੇ ਲਗਾਉਂਦਿਆਂ ਪਹਿਲਾ ਪਿੰਡ ਬਖਸ਼ੀਵਾਲ ਦੀਆਂ ਗਲੀਆਂ ਵਿੱਚ ਘੁੰਮ ਕੇ ਲੋਕਾਂ ਨੂੰ ਪਿੰਡ ਦੇ ਗੁਰਦੁਆਰੇ ਪਾਸ ਇੱਕਠਾ ਕੀਤਾ। ਜਿੱਥੇ ਕਾਲਜ ਦੇ ਵਿਦਿਆਰਥੀਆਂ ਵੱਲੋਂ ਨਸ਼ਾ ਵਿਰੋਧੀ ਨਾਟਕ 'ਇਹ ਕੈਸੀ ਰੁੱਤ ਆਈ' ਖੇਡ ਕੇ ਪਿੰਡ ਵਾਸੀਆਂ ਲਈ ਨਸ਼ਾ ਵਿਰੋਧੀ ਸੰਦੇਸ਼ ਦਿੱਤਾ। ਪਿੰਡ ਦੇ ਸਾਬਕਾ ਸਰਪੰਚ ਸ. ਤੇਜਾ ਸਿੰਘ ਘੁੰਮਾਣ ਨੇ ਪਿੰਡ ਵੱਲੋਂ ਡੈਪੋ ਪ੍ਰੋਗਰਾਮ ਨੂੰ ਪੂਰਾ ਸਹਿਯੋਗ ਦੇਣ ਦਾ ਵਿਸ਼ਵਾਸ ਦਿਵਾਇਆ। ਇਸ ਉਪਰੰਤ ਇਹ ਰੈਲੀ ਜਖੇਪਲ ਵੱਲ ਰਵਾਨਾ ਹੋਈ ਜਿਥੇ ਇਸ ਰੈਲੀ ਨੂੰ ਐਸ.ਐਚ.ਓ. ਧਰਮਗੜ੍ਹ ਸ਼੍ਰੀ ਵਿਜੇ ਪਾਲ, ਸਰਪੰਚ ਸ. ਗਮਦੂਰ ਸਿੰਘ ਅਤੇ ਸਮੂਹ ਪੰਚਾਇਤ ਨੇ ਜੀ ਆਇਆ ਕਿਹਾ। ਪਿੰਡ ਦੀਆਂ ਗਲੀਆਂ ਵਿੱਚ ਲੰਘਦੇ ਹੋਏ ਵਲੰਟੀਅਰਜ਼ ਸਰਕਾਰੀ ਸੀਨੀਅਰ ਸਕੈਂਡਰੀ ਸਕੂਲ ਵਿੱਚ ਪਹੁੰਚੇ ਜਿੱਥੇ ਪ੍ਰਿੰਸੀਪਲ ਅਤੇ ਸਟਾਫ਼ ਵੱਲੋਂ ਪੂਰਨ ਸਹਿਯੋਗ ਦਿੱਤਾ ਗਿਆ। ਪ੍ਰਭਾਵਸ਼ਾਲੀ ਇੱਕਠ ਨੂੰ ਸੰਬੋਧਨ ਕਰਦਿਆਂ ਕਲਸੱਟਰ ਇੰਚਾਰਜ ਡਾ. ਪਰਮਿੰਦਰ ਸਿੰਘ ਅਤੇ ਡਾ. ਰਮਨਦੀਪ ਕੌਰ ਨੇ ਸਮਾਜ ਵਿੱਚ ਫੈਲ ਰਹੇ ਮਾਰੂ ਨਸ਼ੇ ਅਤੇ ਉਹਨਾ ਦੀ ਰੋਕ ਲਈ ਲੋਕਾਂ ਨੂੰ ਜਾਗਰੂਕ ਕੀਤਾ।ਇਸ ਉਪਰੰਤ ਨੁੱਕੜ ਨਾਟਕ ਖੇਡਿਆਂ ਗਿਆ। ਪਿੰਡ ਦੀ ਪੰਚਾਇਤ ਅਤੇ ਸਕੂਲ ਦੇ ਸਟਾਫ਼ ਵੱਲੋਂ ਡੈਪੋ ਪ੍ਰੋਗਰਾਮ ਨੂੰ ਸਹਿਯੋਗ ਦੇਣ ਦਾ ਪੂਰਾ ਵਿਸਵਾਸ ਦਿੱਤਾ ਗਿਆ।